# ਰਵਿੰਦਰ ਨਾਥ ਟੈਗੋਰ ਰਚਿਤ 'ਗੰਧਾਰੀ ਦਾ ਨਿਵੇਦਨ'

ਡਾ. ਪਰਦੀਪ ਕੌਰ
ਖ਼ਾਲਸਾ ਕਾਲਜ ਫ਼ਾਰ ਵਿਮਨ,
ਅੰਮ੍ਰਿਤਸਰ।

ਟੈਗੋਰ ਰਚਿਤ 'ਗੰਧਾਰੀ ਦਾ ਨਿਵੇਦਨ' ਸੰਵਾਦੀ ਸ਼ੈਲੀ 'ਚ ਲਿਖੀ ਇਕ ਲੰਮੀ ਕਾਵਿਕ ਰਚਨਾ ਹੈ, ਇਹ ਕਵਿਤਾ ਮੂਲ ਰੂਪ ਵਿਚ ਦੋ ਹਿੱਸਿਆਂ ਵਿਚ ਹੈ। ਪਹਿਲੇ ਹਿੱਸੇ ਵਿਚ ਸੱਤਾ, ਹਉਮੈ–ਇਕੱਲਤਾ–ਭੈ ਤੇ ਵਿਜੈ ਦੀਆਂ ਅੰਤਰ–ਧੁਨੀਆਂ ਆਪਸ ਵਿਚ ਖਹਿੰਦੀਆਂ ਤੇ ਟਕਰਾਉਂਦੀਆਂ ਮਿਥਕ ਸੰਸਾਰ ਵਿਚੋਂ ਜੀਵਨ–ਯਥਾਰਥ ਅਤੇ ਜੀਵਨ–ਦਰਸ਼ਨ ਦਾ ਪ੍ਰਸਤੁਤੀਕਰਨ ਕਰਦੀਆਂ ਹਨ ਅਤੇ ਦੂਜੇ ਹਿੱਸੇ ਵਿਚ ਗੰਧਾਰੀ ਦਾ ਧ੍ਰਿਤਾਸ਼ਟਰ, ਭਾਨੁਮਤੀ ਅਤੇ ਦਰੋਪਦੀ ਨਾਲ ਵਾਰਤਾਲਾਪ ਖ਼ਿਮਾ, ਤਿਆਗ ਨਿਆਂ ਅਤੇ ਧਰਮ ਦਾ ਪੈਰਾਡਾਈਮ ਸਿਰਜ ਆਦਰਸ਼ ਮੁੱਲ ਵਿਧਾਨ ਦੀ ਕੰਨਸੋਅ ਦਿੰਦਾ ਹੈ।

ਕਵਿਤਾ ਦਾ ਆਰੰਭ ਸਤਿਕਾਰਤ ਹੈ। ਦੁਰਯੋਧਨ ਦੁਰਮਤ ਦਾ ਪ੍ਰਾਇਵਾਚੀ ਹੈ ਪ੍ਰੰਤੂ ਉਦਗੰਡ ਕਾਰਜ–ਸਿੱਧੀ ਉਪਰੰਤ ਪੁੱਤਰ ਮੋਹ ਵੱਸ ਅਨਿਆਂ ਤੇ ਗੁਨਾਹ ਦੇ ਭਾਗੀ ਪਿਤਾ ਧ੍ਰਿਤਾਸ਼ਟਰ ਨੂੰ ਉਸਦਾ ਨਮਨ ਦੋਹਰੇ ਅਰਥਾਂ ਦਾ ਧਾਰਣੀ ਹੈ। ਇਕ ਭਾਵਨਾ ਪਿਤਾ ਪ੍ਰਤੀ ਸਤਿਕਾਰ ਦੀ ਹੈ ਤੇ ਦੂਜੀ ਭਾਵਨਾ ਮਹਾਰਾਜ ਪ੍ਰਤੀ ਤਨਜ਼ ਭਰੇ ਸ਼ੁਕਰਾਨੇ ਦੀ ਹੈ ਕਿਉਂਕਿ ਪੁੱਤਰ ਮੋਹ ਵਿਚ ਗ੍ਰਸੇ ਮਹਾਰਾਜ ਦੀ ਇੱਛਾ ਦੇ ਵਿਰੁੱਧ ਦੁਰਯੋਧਨ ਲਈ ਇਹ ਕਾਰਜ ਸਿੱਧੀ ਅਸੰਭਵ ਸੀ। ਧ੍ਰਿਤਾਸ਼ਟਰ ਸਮਸਤ ਵਿਸ਼ਵ ਸਾਹਮਣੇ ਪੁੱਤਰ ਦੀ ਢਾਲ ਹੈ। ਪ੍ਰੰਤੂ ਦੁਰਯੋਧਨ ਦੀ ਆਪਹੁਦਰੀ ਪ੍ਰਤੀ ਉਸ ਦੇ ਅਵਚੇਤਨ ਵਿਚ ਪਿਆ ਕ੍ਰੋਧ ਉਸ ਲਈ 'ਦੁਸ਼ਟ' ਦੇ ਸੰਬੋਧਨ ਰਾਹੀਂ ਬਾਹਰ ਆਉਂਦਾ ਹੈ। ਉਹ ਦਰਯੋਧਨ ਦੁਆਰਾ ਉਸ ਦੇ ਪੁੱਤਰ ਮੋਹ ਨੂੰ ਮੋਹਰੇ ਵਜੋਂ ਵਰਤਣ ਅਤੇ ਪਾਂਡਵਾਂ ਨਾਲ ਕੀਤੇ ਦੁਰਵਿਹਾਰ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਇਹ ਸੰਵਾਦ ਅਤੇ ਸਵਾਲ ਮਹਿਜ਼ ਪਿਉ–ਪੁੱਤਰ ਵਿਚਲੀ ਵਾਰਤਾਲਾਪ ਨਹੀਂ ਬਲਕਿ ਇਹ ਜੀਵਨ ਦੇ ਉਸ ਤਲਖ਼ ਯਥਾਰਥ ਵੱਲ ਇਸ਼ਾਰਾ ਕਰਦੇ ਹਨ ਕਿ ਸੁੱਖ ਅਤੇ ਵਿਜੈ ਦਾ ਸੰਕਲਪ ਕਦਾਚਿਤ ਵੀ ਸਮਾਨਾਰਥੀ ਨਹੀਂ। ਸ਼ਕਤੀ ਅਤੇ ਸੱਤਾ ਲਈ ਲਲਾਇਤ ਮਨੁੱਖ ਦਾ ਜਨੂੰਨ ਕੇਵਲ ਤੇ ਕੇਵਲ ਵਿਜੈ ਦੁਆਲੇ ਕੇਂਦ੍ਰਿਤ ਰਹਿੰਦਾ ਹੈ। ਅਜਿਹੀ ਵਿਜੈ ਦੀ ਚਾਹਤ ਵਿਚ ਸੁੱਖ ਦੀ ਕਾਮਨਾ ਨਿਰਮੂਲ ਹੈ ਕਿਉਂਕਿ ਸੁੱਖ ਦਾ ਸੰਕਲਪ ਮਨੁੱਖ ਨੂੰ ਅਧਿਆਤਮ ਦੇ ਨਜ਼ਦੀਕ ਲੈ ਜਾਂਦਾ ਹੈ ਜਦਕਿ ਸੱਤਾ ਦਾ ਨਸ਼ਾ ਨਿਰੋਲ ਦੁਨਿਆਵੀ ਹੈ:

ਮੈਂ ਸੁੱਖ ਨਾ ਚਾਹਿਆ, ਮਹਾਰਾਜ!
ਮੈਂ ਜੈ ਚਾਹੀ ਸੀ, ਮੈਂ ਹਾਂ ਅੱਜ ਵਿਜੈਈ।[1]

ਮਨੁੱਖ ਦੀ ਇਹ ਹੋਣੀ ਹੈ ਕਿ ਉਹ ਪ੍ਰਸੰਸਾ ਅਤੇ ਸਵੈ–ਉਤਮਤਾ ਦਾ ਅਭਿਲਾਸ਼ੀ ਰਿਹਾ ਹੈ। ਇਸ ਅਭਿਲਾਸ਼ਾ ਵਿਚ ਉਹ ਸੁੱਖ ਦਾ ਚਿਤੇਰਾ ਕਦੀ ਨਹੀਂ ਬਣਦਾ । ਇਹਲੌਕਿਕ ਸੰਸਾਰ ਵਿਚ ਮਨੁੱਖੀ ਲਾਲਸਾਵਾਂ ਨੇ ਸੁੱਖ ਦੀ ਪ੍ਰਾਪਤੀ ਦਾ ਸੰਕਲਪ ਖ਼ਤਮ ਕਰ ਦਿੱਤਾ।

ਟੈਗੋਰ ਸਪਸ਼ਟ ਸੰਕੇਤ ਕਰਦਾ ਹੈ ਕਿ ਸੱਤਾ ਦੀ ਵਿਜੈ-ਪ੍ਰਾਪਤੀ ਦਾ ਅਭਿਲਾਸ਼ੀ ਮਾਨਸਿਕ ਪੱਧਰ 'ਤੇ ਸਦੈਵ ਅੱਗ ਦੀਆਂ ਲਪਟਾਂ ਵਿਚ ਘਿਰਿਆ ਰਹਿੰਦਾ ਹੈ।

ਸੁੱਖ ਦਾ ਵਾਸ ਏਕਤਾ ਅਤੇ ਤਿਆਗ ਵਿਚ ਹੈ ਜਦ ਤੱਕ ਮਨੁੱਖ ਏਕਤਾ ਤੇ ਸੂਤਰ ਵਿਚ ਬੱਝ ਕੇ ਤਿਆਗ ਦੇ ਭਾਵ ਨੂੰ ਕਾਇਮ ਰੱਖਦਾ ਹੈ ਤਦ ਤੱਕ ਭੈ, ਕ੍ਰੋਧ ਤੇ ਵਿਆਕੁਲਤਾ ਦੇ ਦੁਸ਼-ਪ੍ਰਭਾਵ ਤੋਂ ਬਚਿਆ ਰਹਿੰਦਾ ਹੈ। ਦੁਰਯੋਧਨ ਦਾ ਵਿਜੈ ਕਾਮਨਾ ਵਿਚ ਗਲਤਾਨ ਚੇਤਨ ਸੰਸਾਰ ਅਵਚੇਤਨ ਵਿਚ ਪਏ ਇਸ ਸਮਾਜਕ ਸੱਚ ਤੋਂ ਭਲੀ-ਭਾਂਤ ਵਾਕਿਫ਼ ਹੈ ਪ੍ਰੰਤੂ ਇਸ ਦੇ ਬਾਵਜੂਦ ਉਹ ਐਸੇ ਸੁੱਖ ਨੂੰ ਨਕਾਰਦਾ ਹੈ ਜੋ ਉਸ ਨੂੰ ਸੱਤਾ ਤੇ ਸ਼ਕਤੀ ਹਾਸਿਲ ਕਰਨ ਤੋਂ ਵੰਚਿਤ ਕਰਦਾ ਹੈ। ਮਿਥਿਹਾਸ ਦਾ ਇਹ ਯਥਾਰਥ ਵਰਤਮਾਨ ਵਿਚ ਵੀ ਕਇਮ ਹੈ। ਸੱਤਾ ਦੀ ਪ੍ਰਾਪਤੀ ਲਈ ਮਨੁੱਖ ਹਰ ਤਿਲਾਂਜਲੀ ਲਈ ਤਿਆਰ ਹੈ। ਇੰਝ ਇਹ ਮਿਥ ਆਦਿ-ਬਿੰਬ ਦਾ ਰੂਪ ਅਖ਼ਤਿਆਰ ਕਰ ਮਾਨਵੀ ਜੀਵਨ ਦਾ ਅਭਿੰਨ ਅੰਗ ਬਣ ਜਾਂਦੀ ਹੈ।

ਮਨੁੱਖ ਦੀ ਵਿਡੰਬਨਾ ਇਹ ਹੈ ਕਿ ਸ਼ਰੀਕਾਚਾਰੀ/ਰਿਸ਼ਤਾ-ਨਾਤਾ ਪ੍ਰਬੰਧ ਵਿਚ ਸ਼ਕਤੀ ਦੀ ਅਭਿਲਾਸ਼ਾ ਸਮਾਜਕ ਪੱਧਰ 'ਤੇ ਸ਼ਕਤੀ ਹਾਸਲ ਕਰਨ ਨਾਲੋਂ ਕਿਤੇ ਜ਼ਿਆਦਾ ਹਾਵੀ ਰਹੀ ਹੈ। ਦੁਰਯੋਧਨ ਵੀ ਇਸੇ ਅਭਿਲਾਸ਼ਾ ਦਾ ਮੁਦੱਈ ਹੈ। ਉਸ ਲਈ ਸ਼ਕਤੀ ਦਾ ਤੇਜ ਸੂਰਜ ਸਮਾਨ ਹੈ ਜਿਵੇਂ ਬ੍ਰਹਿਮੰਡ ਵਿਚ ਸੂਰਜ ਦਾ ਤੇਜ ਇਕਹਿਰਾ ਹੈ, ਇਹੋ ਜਿਹਾ ਇਕਹਿਰਾਪਨ ਉਹ ਖ਼ੁਦ ਲਈ ਚਾਹੁੰਦਾ ਹੈ। ਇਸ ਇੱਛਾ ਦੀ ਪੂਰਤੀ ਤਹਿਤ ਉਹ ਬਾਹਰੀ ਅਤੇ ਮਾਨਸਿਕ ਦਵੰਦ ਤੋਂ ਮੁਕਤ ਤੋ ਜਾਂਦਾ ਹੈ:

ਮੈਂ ਅੱਜ ਵਿਜੈਈ<br>
ਅੱਜ ਮੈਂ ਇਕੱਲਾ।[2]

ਸ਼ਕਤੀ ਸਿਖਰ ਵੀ ਹੈ ਤੇ ਸਿਖਰ ਦਾ ਮਾਰਗ ਵੀ। ਮਨੁੱਖ ਦੀ ਵਿਡੰਬਨਾ ਵੀ ਇਹੀ ਹੈ ਤੇ ਪ੍ਰਾਪਤੀ ਵੀ ਕਿ ਇਸ ਮਾਰਗ ਦੇ ਪਾਂਧੀ ਨੂੰ ਸਾਥੀ ਦੀ ਸਹੂਲਤ ਕਦੀ ਨਹੀਂ ਮਿਲ ਸਕਦੀ।ਇਹ ਇਕਾਂਤਮਈ ਪ੍ਰਾਪਤੀ ਮਨੁੱਖ ਕੋਲੋਂ ਭਾਈਚਾਰਕ ਸਾਂਝ ਤੇ ਸਾਥ ਖੋਹਣ ਦੇ ਨਾਲ-ਨਾਲ ਉਸ ਨੂੰ ਭਾਵਨਾਵਾਂ-ਵਿਹੂਣਾ ਕਰਦੀ ਹੋਈ ਅਵਚੇਤਨ ਪੱਧਰ 'ਤੇ ਮਾਨਸਿਕ ਖਿਲਾਅ ਦਾ ਭਾਗੀ ਵੀ ਬਣਾਉਂਦੀ ਹੈ। ਸਾਥ ਟੁੱਟਦਾ ਹੈ, ਵਿਸ਼ਵਾਸ ਖੁੱਸਦਾ ਹੈ ਤੇ ਇਸੇ 'ਚੋਂ ਈਰਖਾ ਜਨਮ ਲੈਂਦੀ ਹੈ। ਦੁਰਯੋਧਨ ਆਪਣੀ ਰਾਜਨੀਤਿਕ ਸਥਾਪਤੀ ਲਈ ਇਸ ਈਰਖਾ ਨੂੰ ਨਿਆਂਸੰਗਤ ਮੰਨਦਾ ਹੈ। ਉਹ ਈਰਖਾ ਨੂੰ ਕੁਦਰਤ ਦੇ ਨਿਰਮਾਣ ਤੇ ਵਿਸਥਾਰ ਵਿਚ ਵੀ ਕਾਰਜਸ਼ੀਲ ਵੇਖਦਾ ਹੈ:

ਦੋ ਰੁੱਖਾਂ ਵਿਚਕਾਰ ਰਹਿੰਦਾ ਡਾਢਾ ਅੰਤਰ<br>
ਪਰ ਘਾਹ ਦੇ ਲੱਖਾਂ ਤ੍ਰਿਣ ਜੁੜ-ਜੁੜ ਬਹਿੰਦੇ ਨਾਲੋ-ਨਾਲ।[3]

ਅਜਿਹੀ ਈਰਖਾਲੂ ਮਾਨਸਿਕ ਸਥਿਤੀ ਕਾਰਨ ਉਹ ਪਾਂਡਵ ਵੰਸ਼ ਦੇ ਵਿਨਾਸ਼ ਵਿਚ ਹੀ ਕੁਰੂ-ਵੰਸ਼ ਦੀ ਸਥਾਪਤੀ ਦਾ ਬੀਜ ਵੇਖਦਾ ਹੈ ਅਤੇ ਇਸ ਬੀਜ ਤੋਂ ਸੱਤਾ ਅਤੇ ਸ਼ਕਤੀ ਦੇ ਵਿਸ਼ਾਲ ਰੁੱਖ ਨੂੰ ਵਿਗਸਣ ਲਈ ਹਰ ਹੀਲੇ ਤਬਾਹੀ ਦੀ ਖਾਦ ਨਾਲ ਸਿੰਜਣ ਲਈ ਤਤਪਰ ਤਿਆਰ ਹੈ। ਅਜਿਹੀ ਸਥਿਤੀ ਵਿਚ ਪਿਤਾ ਤੇ ਪੁੱਤਰ ਵਿਰੋਧਾਭਾਸੀ ਸਥਿਤੀ ਵਿਚ ਹਨ। ਪਿਤਾ ਲਈ ਇਹ ਪ੍ਰਕਾਰਜ ਧਰਮ ਦੇ ਪ੍ਰਾਜਿਤ

ਹੋਣ ਦਾ ਫ਼ਲ ਹੈ ਪ੍ਰੰਤੂ ਦੁਰਯੋਧਨ ਪਿਤਾ ਦੀ ਮਾਨਸਿਕ ਕਸ਼ਮਕਸ਼ ਨੂੰ ਨਕਾਰਦਾ ਹੋਇਆ ਧਰਮ ਨੂੰ ਲੋਕ–ਧਰਮ ਤੇ ਰਾਜ–ਧਰਮ ਵਿਚ ਵੰਡਦਾ ਹੈ।

ਟੈਗੋਰ ਇਸ ਕਵਿਤਾ ਰਾਹੀਂ ਰਾਜਨੀਤੀ, ਧਰਮ, ਅਰਥ, ਪਰਿਵਾਰ, ਰਿਸ਼ਤਾ–ਨਾਤਾ ਪ੍ਰਬੰਧ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਸਦੀਵੀ ਸੱਚ ਦੇ ਆਦਿ–ਬਿੰਬ ਸਥਾਪਿਤ ਕਰ ਰਿਹਾ ਹੈ। ਦੁਰਯੋਧਨ–ਧ੍ਰਿਤਾਸ਼ਟਰ ਸੰਵਾਦ ਰਾਹੀਂ ਇਨ੍ਹਾਂ ਅਭਿੰਨ ਤੇ ਵਿਭਿੰਨ ਕੜੀਆਂ ਦੇ ਨਕਸ਼ ਉੱਘੜ ਰਹੇ ਹਨ। ਰਾਜ–ਧਰਮ ਰਾਜਨੀਤੀ ਵਿਚ ਸ਼ਕਤੀ ਹਾਸਿਲ ਕਰਨ ਤੇ ਉਸ ਨੂੰ ਬਰਕਰਾਰ ਰੱਖਣ ਦਾ ਨਾਂ ਹੈ:

ਛੋਟੇ ਲੋਕ ਵੰਡ ਕੇ ਸ਼ਕਤੀ ਮਿੱਤਰਾਂ ਨਾਲ ਰਹਿੰਦੇ ਹੋ
ਬਲਵਾਨ
ਰਾਜ–ਸ਼ਕਤੀ ਜਿੰਨੀ ਵੀ ਹੋਵੇ ਟੋਟੇ–ਟੋਟੇ
ਉਨੀ ਹੀ ਉਹਦੀ ਦੁਰਬਲਤਾ
ਉਨੀ ਉਹਦੀ ਖੈ।[4]

ਦੁਰਯੋਧਨ ਦੀ ਅਜਿਹੀ ਵਿਜੈ ਧ੍ਰਿਤਾਸ਼ਟਰ ਲਈ ਲੱਜਾ–ਹੀਣ ਪ੍ਰਾਪਤੀ ਹੈ ਜਿਸ ਵਿਚ ਨਾ ਗੌਰਵ ਹੈ, ਨਾ ਗਰਿਮਾ, ਨਾ ਹੀ ਸੂਰਬੀਰਤਾ ਕਿਉਂਕਿ ਦੁਰਯੋਧਨ ਨੇ ਇਹ ਜਿੱਤ ਜੂਏ ਵਿਚ ਛਲ ਕਰਕੇ ਹਾਸਿਲ ਕੀਤੀ ਸੀ। ਵਾਸਤਵ ਵਿਚ ਰਾਜਨੀਤੀ ਵਿਚ ਜਿੱਤ ਸੰਭਵ ਕਿਵੇਂ ਹੈ? ਕੀ ਇਹ ਦਿਆਨਤਦਾਰੀ ਦੀ ਧਰਤੀ ’ਤੇ ਪਲਰ ਸਕਦੀ ਹੈ ? ਮਿਥਿਹਾਸਕ ਮਹਾਂਕਾਵਿ ‘ਮਹਾਂਭਾਰਤ’ ਰਾਜ ਕਰਨ ਦੀ ਨੀਤੀ ਦੇ ਅਨੈਤਿਕ ਵਰਤਾਰਿਆਂ ਦਾ ਪਾਜ ਉਘਾੜਦਾ ਹੈ। ਇਹ ਸ਼ਤਰੰਜ ਦੀ ਬਿਸਾਤ ਤੇ ਸ਼ਹਿ ਅਤੇ ਮਾਤ ਦੀ ਖੇਡ ਹੈ। ਇਹ ਸਮਿਆਂ ਤੋਂ ਪਾਰ ਦਾ ਯਥਾਰਥ ਹੈ। ਮੁੱਢ–ਕਦੀਮ ਤੋਂ ਹੀ ਮਨੁੱਖ ਦੀ ਵਿਲੱਖਣ ਵਿਸ਼ੇਸ਼ਤਾ ਹੀ ਉਸ ਦਾ ਅਸਤਰ ਰਹੀ ਹੈ। ਜੇ ਮਨੁੱਖ ਉਸ ਅਸਤਰ ਦਾ ਸੁਯੋਗ ਇਸਤੇਮਾਲ ਕਰਨਾ ਨਹੀਂ ਜਾਣਦਾ ਤਾਂ ਉਸ ਲਈ ਪਛਤਾਵਾ, ਸ਼ਰਮਿੰਦਗੀ, ਗਿਲਾਨੀ ਜਾਂ ਮੌਤ ਦੀ ਹੋਣੀ ਕੋਈ ਜੱਗੋਂ ਬਾਹਰਾ ਵਰਤਾਰਾ ਨਹੀਂ ਰਹਿ ਜਾਂਦੀ। ਦੁਰਯੋਧਨ ਨੂੰ ਇਸ ਅਸਤਰ ਦੀ ਕੂਟਨੀਤਕ ਪੱਧਰ ’ਤੇ ਵਰਤੋਂ ਵਕਤੀ ਤੌਰ ’ਤੇ ਜੇਤੂ ਬਣਾਉਂਦੀ ਹੈ, ਜੋ ਉਸ ਦੇ ਗ਼ਰੂਰ ਦਾ ਕਾਰਨ ਬਣਦੀ ਹੈ। ਪਿਤਾ ਨੂੰ ਇਹ ਗ਼ਰੂਰ ਪ੍ਰਵਾਨ ਨਹੀਂ ਕਿਉਂਕਿ ਐਸਾ ਗ਼ਰੂਰ ਲੋਕ–ਨਿੰਦਾ ਦਾ ਕਾਰਨ ਬਣੇਗਾ। ਵਿਜੈ ਨਿੰਦਾ ਤੋਂ ਕਦੀ ਨਹੀਂ ਘਬਰਾਉਂਦੀ। ਦੁਰਯੋਧਨ ਵੀ ਕਿਉਂ ਘਬਰਾਏਗਾ? ਸੱਤਾ, ਸ਼ਕਤੀ, ਵਿਜੈ ਸਭ ਉਸ ਦੇ ਪੱਖ ਵਿਚ ਖੜੇ ਹਨ। ਇਨ੍ਹਾਂ ਦੇ ਸਹਾਰੇ ਉਹ ਲੋਕ–ਸਮੂਹ, ਜਨ–ਸ਼ਕਤੀ ਨੂੰ ਰੌਂਦਣ ਦੇ ਵਿਚਾਰ ’ਤੇ ਅਡਿੱਗ ਖੜਾ ਹੈ:

ਰਾਜ–ਦੰਡ ਛੂਹ ਕੇ, ਮੈਂ ਆਖਾਂ ਮਹਾਰਾਜ!
ਪਾਮਰ ਤੋਂ ਉੱਤੇ ਤਾਈਂ ਅਖਵਾਸਾਂ
ਦੁਰਯੋਧਨ ਰਾਜਾ।
ਦੁਰਯੋਧਨ ਨਾ ਨਿੰਦਾ ਸਹਿੰਦਾ,
ਨਾ ਸਹਿੰਦਾ ਉਹ ਬੋਲ–ਕਬੋਲ।[5]

ਪੁੱਤਰ ਮੋਹ ਵਿਚ ਗ੍ਰਸਿਆ ਤਜਰਬੇਕਾਰ ਬੇਬਸ ਪਿਤਾ ਤੇ ਰਾਜਾ ਆਪਣੇ ਪੁੱਤਰ ਨੂੰ ਨਸੀਹਤ ਕਰ ਰਿਹਾ ਹੈ ਕਿ ਜੇ ਉਸ ਦੇ ਕਾਰਜਾਂ ਕਾਰਨ ਹੋਣ ਵਾਲੀ ਨਿੰਦਾ ਨੂੰ ਉਹ ਬਲ-ਪੂਰਵਕ ਰੋਕਣ ਦੀ ਕੋਸ਼ਿਸ਼ ਕਰੇਗਾ ਤਾਂ ਨਿੰਦਾ ਦੀ ਜੜ੍ਹ ਚੇਤਨ ਤੋਂ ਅਵਚੇਤਨ ਦਾ ਸਫ਼ਰ ਤਹਿ ਕਰਦੀ ਹੋਈ ਮਨ ਦੇ ਪਾਤਾਲ ਤੱਕ ਜ਼ਹਿਰ ਭਰ ਦੇਵੇਗੀ। ਉਹ ਦੁਰਯੋਧਨ ਨੂੰ ਨਿਮਰਤਾਪੂਰਵਕ ਪ੍ਰਤਾੜਿਤ ਕਰਦਾ ਹੈ ਕਿ ਜੇ ਮੰਗਲ ਰਾਜ ਕਰਨਾ ਹੈ ਤਾਂ ਉਸ ਨੂੰ ਪਿਆਰ ਨਾਲ ਨਿੰਦਾ ਦੇ ਨਾਗਾਂ ਨੂੰ ਆਪਣੇ ਵੱਸ ਵਿਚ ਕਰਨਾ ਹੋਵੇਗਾ ਤਾਂ ਜੋ ਭਵਿੱਖ ਵਿਚ ਇਸ ਦਾ ਡੰਗ ਉਸ ਦੇ ਗ਼ਰੂਰ ਤੇ ਚੜ੍ਹਤ ਦੇ ਢਲਾਨ ਵਿਚ ਆਉਣ ਦਾ ਕਾਰਨ ਨਾ ਬਣੇ, ਇਹ ਸਫ਼ਲ ਰਾਜਨੀਤੀ ਦਾ ਆਦਿ-ਬਿੰਬ ਹੈ ਜੋ ਮਹਾਂਭਾਰਤ ਸਥਾਪਿਤ ਕਰਦਾ ਹੈ ਜਾਂ ਸ਼ਾਇਦ ਰਾਮਾਇਣ ਦਾ ਰਾਮ ਰਾਜ...! ਲ਼ੋਕ-ਰਾਜ ਪਿਆਰ ਅਤੇ ਕਲਿਆਣ ਦੀ ਬੁਨਿਆਦ 'ਤੇ ਹੀ ਸਸ਼ਕਤ ਹੋਂਦ ਗ੍ਰਹਿਣ ਕਰਦਾ ਹੈ। ਮਿਥਿਹਾਸ, ਇਤਿਹਾਸ ਗਵਾਹ ਹੈ ਲੋਕ-ਨਾਇਕ ਸਿਰਫ਼ ਉਹ ਰਾਜਾ ਹੀ ਬਣ ਸਕਿਆ ਹੈ ਜਿਸ ਨੇ 'ਲੋਕ' ਨੂੰ ਆਪਣੀ ਹਉਂ ਤੋਂ ਉੱਪਰ ਰੱਖਿਆ। ਤਾਨਾਸ਼ਾਹੀ ਤੇ ਸਵੈ-ਮੋਹ ਵਿਚ ਗ੍ਰਸੇ ਰਾਜਿਆਂ ਨੂੰ ਜਨਤਾ ਨੇ ਨਾ ਸਿਰਫ਼ ਨਕਾਰਿਆ ਬਲਕਿ ਘ੍ਰਿਣਾ ਤੇ ਗੁੱਸੇ ਦੇ ਭਾਵਾਂ ਨਾਲ ਲਬਰੇਜ਼ ਲੋਕ-ਮਨ ਅੰਦਰ ਉਹ ਸਥਾਈ ਤੌਰ 'ਤੇ ਖ਼ਲਨਾਇਕ ਬਣ ਗਏ। ਦੁਰਯੋਧਨ ਦੀ ਸੋਚ ਤੇ ਵਿਹਾਰ ਉਸ ਨੂੰ ਇਸੇ ਦਿਸ਼ਾ ਵੱਲ ਲੈ ਗਏ। ਕਵੀ ਧ੍ਰਿਤਾਸ਼ਟਰ ਦੇ ਬੋਲਾਂ ਰਾਹੀਂ ਨਿੰਦਾ ਅਤੇ ਅਣ-ਬੋਲੀ ਨਿੰਦਾ ਵਿਚਲੇ ਗੰਭੀਰ ਅਰਥਾਂ ਦਾ ਪ੍ਰਤੀਪਾਦਨ ਕਰਦਾ ਹੈ। ਉਸ ਅਨੁਸਾਰ ਮੂੰਹ 'ਚੋਂ ਨਿਕਲੀ ਹੋਈ ਨਿੰਦਾ ਇੰਨੀ ਮਾਰੂ ਨਹੀਂ ਹੁੰਦੀ ਜਿੰਨੀ ਦਮਨ ਨਾਲ ਦਬਾਈ ਅਣ-ਬੋਲੀ ਨਿੰਦਾ। ਅਨੁਭਵੀ ਧ੍ਰਿਤਾਸ਼ਟਰ ਦਾ ਮੰਨਣਾ ਹੈ ਕਿ ਜੇ ਨਿੰਦਾ ਨੂੰ ਦਮਨਕਾਰੀ ਨੀਤੀ ਨਾਲ ਦਬਾਇਆ ਜਾਵੇ ਤਾਂ ਚੇਤਨਾ ਦੀ ਪੱਧਰ 'ਤੇ ਤਾਂ ਅਜਿਹੇ ਕਾਰਜ ਵਿਚ ਸਫ਼ਲਤਾ ਹਾਸਿਲ ਕੀਤੀ ਜਾ ਸਕਦੀ ਹੈ ਪ੍ਰੰਤੂ ਅਵਚੇਤਨ ਦੀਆਂ ਡੂੰਘਾਣਾਂ ਵਿਚ ਨਾਗ ਬਣ ਵਿਸ਼ੈਲਾ ਜ਼ਹਿਰ ਉਗਲਦੀ ਜਾਂਦੀ ਹੈ। ਸਮੇਂ ਦੀ ਧਾਰਾ ਵਿਚ ਇਹ ਨਾਗ ਕਿਸੇ ਵੀ ਸਮੇਂ ਡੱਸ ਲਏਗਾ, ਇੰਝ ਹੋਣਾ ਅਨਿਵਾਰੀ ਹੈ। ਇਸ ਤੋਂ ਬਚਣ ਦਾ ਇਕ ਹੀ ਜ਼ਰੀਆ ਹੈ ਕਿ ਨਿੰਦਾ ਸਾਰਵਜਨਿਕ ਤੇ ਆਜ਼ਾਦ ਹੋਵੇ ਤਾਂ ਜੋ ਉਹ ਵਕਤ ਦੀ ਧਾਰਾ ਵਿਚ ਬੋਲ ਬਣ ਹਵਾ ਵਿਚ ਲੋਪ ਹੋ ਜਾਵੇ ਪ੍ਰੰਤੂ ਦੁਰਯੋਧਨ ਦੀ ਇਹੋ ਜਿਹਾ ਕੁਝ ਵੀ ਕਰਨ ਦੀ ਮਨਸ਼ਾ ਨਹੀਂ। ਸੱਤਾ ਦਾ ਨਸ਼ਾ ਅਣ-ਭਾਖੀ ਨਿੰਦਿਆ ਤੋਂ ਕਦੀ ਵੀ ਭੈਅਗ੍ਰਸਤ ਨਹੀਂ ਹੁੰਦਾ। ਦੁਰਯੋਧਨ ਦਾ ਤਰਕ ਭੈ ਦੇ ਰਾਜ ਦੀ ਸਥਾਪਤੀ ਹੈ। ਇਸੇ ਲਈ ਉਹ ਲੋਕਤਾਂਤ੍ਰਿਕ ਢੰਗ ਨਾਲ ਲੋਕ-ਸਮੂਹ ਨਾਲ ਪ੍ਰੀਤ/ਸਨੇਹ ਨਾਲ ਪੇਸ਼ ਆਉਣ ਦੇ ਹੱਕ ਵਿਚ ਨਹੀਂ। ਕਵੀ ਦੁਰਯੋਧਨ ਦੀ ਅਜਿਹੀ ਧਾਰਣਾ ਪਿੱਛੇ ਉਸ ਦੇ ਬਚਪਨ ਦੇ ਬਾਹਰਮੁਖੀ ਤੇ ਅੰਤਰਮੁਖੀ ਹਾਲਾਤਾਂ ਨੂੰ ਜ਼ਿੰਮੇਵਾਰ ਮੰਨਦਾ ਹੈ। ਇਹ ਮਾਨਵੀ ਵਿਹਾਰ ਦੀ ਅਟੱਲ ਹਕੀਕਤ ਹੈ ਕਿ ਉਸ ਦੀ ਹੋਂਦ ਨਿਰੋਲ ਨਿੱਜੀ ਕਦੀ ਵੀ ਨਹੀਂ ਹੁੰਦੀ, ਉਹ ਆਰਥਿਕ, ਸਮਾਜਕ, ਸਭਿਆਚਾਰਕ ਅਤੇ ਮਾਨਸਿਕ ਵਰਤਾਰਿਆਂ ਵਿਚੋਂ ਨੁਹਾਰ ਗ੍ਰਹਿਣ ਕਰਦੀ ਹੈ। ਦੁਰਯੋਧਨ ਦੇ ਤਾਨਾਸ਼ਾਹੀ ਵਤੀਰੇ ਪਿੱਛੇ ਵੀ ਅਜਿਹੇ ਕਾਰਨ ਜ਼ਿੰਮੇਵਾਰ ਹਨ :

ਹੇ ਪਿਤਾ ਦੇਵ, ਤੁਸੀਂ ਸੁਣੋ ਨਿਵੇਦਨ
ਹੁਣ ਤੱਕ ਸਾਡਾ ਸਿੰਘਾਸਣ
ਸਾਡੇ ਨਿੰਦਕ ਦਲ ਨੇ ਘੇਰੀ ਰੱਖਿਆ।
ਜੀਕੁਣ ਕੰਡਿਆਲੇ ਝਾੜ
ਘੇਰੀ ਜਾਣ ਦੀਵਾਲ ਤਾਈਂ
ਤਾਂ ਜੋ ਤੁਸਾਂ ਅਤੇ ਮੇਰੇ ਵਿਚਕਾਰ

ਬਣੀ ਰਹੀ ਇਹ ਦੂਰੀ,
ਪਾਂਡਵ ਗੁਣਗਾਨ ਸੁਣਾਨ
ਸਾਡੀ ਨਿਤ ਨਿਤ ਨਿੰਦਾ
ਹੇ ਪਿਤਾ, ਇਸ ਤਰ੍ਹਾਂ ਅਸੀਂ ਲੋਕ ਨਿਰਵਾਸਿਤ ਹੋਏ
ਪਿਤਾ-ਸਨੇਹ ਥੀਂ।[6]

ਦੁਰਯੋਧਨ ਦੇ ਉਪਰੋਕਤ ਕਥਨ ਉਸ ਦੇ ਗੁਸੈਲ ਤੇ ਗ਼ਰੂਰ ਨਾਲ ਭਰੇ ਵਤੀਰੇ ਪਿੱਛੇ ਕਾਰਜਸ਼ੀਲ ਉਸ ਵੇਦਨਾ ਵੱਲ ਸੰਕੇਤ ਕਰਦੇ ਹਨ, ਜਿਨ੍ਹਾਂ ਨੇ ਬਾਲ-ਮਨ ਵਿਚ ਵੀ ਈਰਖਾ, ਅਸਵੀਕ੍ਰਿਤੀ, ਲਾਲਸਾ, ਜਿੱਤ ਅਤੇ ਛੜਯੰਤਰ ਦੇ ਬੀਜ ਬੀਜ ਦਿੱਤੇ ਸਨ। ਮਹਾਂਭਾਰਤ ਵਿਚ ਸਪਸ਼ਟ ਹਵਾਲਾ ਹੈ ਕਿ ਵੱਡਾ ਪੁੱਤਰ ਹੋਣ ਦੇ ਨਾਤੇ ਧ੍ਰਿਤਾਸ਼ਟਰ ਰਾਜ ਭਾਗ ਦਾ ਹੱਕਦਾਰ ਸੀ ਪ੍ਰੰਤੂ ਸਰੀਰਕ ਅਸਮਰਥਾ (ਅੰਧਰਾਤਾ) ਉਸ ਨੂੰ ਇਸ ਹੱਕ ਤੋਂ ਵੰਚਿਤ ਕਰ ਦਿੰਦੀ ਹੈ, ਜਿਸ ਦੇ ਫ਼ਲਸਰੂਪ ਰਾਜ-ਭਾਗ ਉਸ ਦੇ ਛੋਟੇ ਭਰਾ ਪਾਂਡਵ ਨੂੰ ਦੇ ਦਿੱਤਾ ਜਾਂਦਾ ਹੈ। ਪਿਤਾ ਦੀ ਹਾਰ ਦੀ ਇਹ ਪੀੜਾ ਔਲਾਦ ਦੀ ਕਸਕ ਦਾ ਕਾਰਨ ਬਣ ਜਾਂਦੀ ਹੈ। ਇਸ ਕਸਕ ਦੀ ਭੂਮੀ ਵਿਚੋਂ ਪੈਦਾ ਹੋਈ ਈਰਖਾ ਮਾਨਵੀ ਵਿਹਾਰ ਦੇ ਸੰਦਰਭ ਵਿਚ ਨਿਆਂਸੰਗਤ ਹੈ। ਬਚਪਨ ਤੋਂ ਹੱਕ ਤੋਂ ਵੰਚਿਤ ਹੋਣ ਦਾ ਝੋਰਾ, ਪਾਂਡਵਾਂ ਦਾ ਜਾਹੋ-ਜਲਾਲ, ਪਿਤਾ ਦੀ ਅਸਮਰਥਾ ਤੋਂ ਪੈਦਾ ਹੋਈ ਹੀਣ-ਭਾਵਨਾ ਨੇ ਕੌਰਵਾਂ ਨੂੰ ਭਾਵਨਾਤਮਕ ਅਤੇ ਮਾਨਸਿਕ ਪੱਧਰ ਤੇ ਨਿਰਬਲ ਬਣਾ ਦਿੱਤਾ :

ਸਰੋਤ ਦੇ ਮੂੰਹ 'ਤੇ ਪਿਉ ਦੀ ਨਿਹੁੰ-ਧਾਰਾ
ਭਰੀ ਰਹੀ ਪੱਥਰਾਂ ਦੀ ਬਾਧਾ ਨਾਲ,
ਅਸੀਂ ਲੋਕ ਹੁੰਦੇ ਗਏ ਨਿਰਬਲ
ਪਤਲੀ ਨੈਂ ਦੇ ਹਾਰ
ਨਸ਼ਟ ਪ੍ਰਾਣ ਗਤ-ਸ਼ਕਤੀ ਹੀਣੀ ਆਈ ਪੈਰ ਪੈਰ 'ਤੇ ਬਾਧਾ।
ਪਾਂਡਵ ਬਣਦੇ ਗਏ ਅਖੰਡ ਜਲ-ਧਾਰਾ।[7]

ਦੁਰਯੋਧਨ ਦੀ ਮਾਨਸਿਕਤਾ ਪੀੜਾ ਉਸ ਲਈ ਛਡਯੰਤਰ ਤੇ ਹਉਮੈ ਦੇ ਦੁਆਰ ਖੋਲ੍ਹ ਦਿੰਦੀ ਹੈ। ਜਿੱਤ ਉਸਦੀ ਲਾਲਸਾ ਬਣ ਜਾਂਦੀ ਹੈ ਤੇ ਭੈ ਉਸ ਦਾ ਹਥਿਆਰ। ਇਸ ਹਥਿਆਰ ਨਾਲ ਉਹ ਨਿੰਦਕਾਂ ਨੂੰ ਦਬਾ ਦੇਣ ਦਾ ਤਹੱਈਆ ਕਰਦਾ ਹੈ। ਕਵੀ ਪਿਉ-ਪੁੱਤਰ ਦੇ ਤਰਕ-ਵਿਤਰਕ ਵਿਚੋਂ ਦੁਰਯੋਧਨ ਦੇ ਕਿਰਦਾਰ ਦੀਆਂ ਵਿਭਿੰਨ ਪਰਤਾਂ ਨੂੰ ਪਕੜਨ ਅਤੇ ਖੋਹਲਣ ਦੇ ਆਹਰ ਵਿਚ ਪ੍ਰਤੀਤ ਹੁੰਦਾ ਹੈ। ਇਕ ਪਾਸੇ ਬਚਪਨ ਦਾ ਹੀਣ-ਭਾਵ ਜਵਾਨ ਦੁਰਯੋਧਨ ਦੇ ਵਿਹਾਰ ਪ੍ਰਤੀ ਘ੍ਰਿਣਤ ਭਾਵ ਨੂੰ ਖ਼ਾਰਿਜ ਕਰਨ ਦੀ ਕੋਸ਼ਿਸ਼ ਕਰਦਾ ਹੈ। ਦੂਜੇ ਪਾਸੇ ਘਮੰਡ ਅਤੇ ਤਾਨਾਸ਼ਾਹੀ ਵਤੀਰੇ ਦੇ ਗਰਭ ਵਿਚ ਪਏ ਉਸ ਦੇ ਡਰਾਵਣੇ ਭਵਿੱਖਤ ਕਾਲ ਦੀ ਕੰਨਸੋਅ ਦਿੰਦਾ ਹੈ। ਗਿਆਨ ਹੀ ਉਹ ਰਾਹ ਜਾਂ ਆਸਰਾ ਹੈ ਜਿਸ ਦੇ ਸਹਾਰੇ ਮਨੁੱਖ ਨੇ ਆਪਣੇ ਮਨ ਦੇ ਨਾਕਾਰਾਤਮਕ ਵਹਿਣ ਨੂੰ ਰੋਕ ਕੇ ਬਿਬੇਕ ਦਾ ਪੱਲਾ ਫੜਨਾ ਹੁੰਦਾ ਹੈ ਅਤੇ ਸਹੀ ਦਿਸ਼ਾ, ਰਾਹ ਅਤੇ ਫ਼ੈਸਲੇ ਅਖ਼ਤਿਆਰ ਕਰਨੇ ਹੁੰਦੇ ਹਨ। ਦੁਰਯੋਧਨ ਨੂੰ ਗਿਆਨ ਅਤੇ ਸਹੀ ਦਿਸ਼ਾ ਦਾ ਪਾਂਧੀ

ਬਣਾਉਣ ਵਾਲੇ ਸੰਜੈ, ਵਿਦਰ ਅਤੇ ਭੀਸ਼ਮ ਪਿਤਾਮਾ ਖੋਖਲੇ ਵਿਦਵਾਨ ਹੋਣ ਦਾ ਭੇਸ ਧਾਰੀ ਸਭ ਤੋਂ ਵੱਡੇ ਨਿੰਦਕ ਭਾਸਣ ਲੱਗ ਪੈਂਦੇ ਹਨ। ਇਹ ਨਿੰਦਕ ਤੇ ਉਨ੍ਹਾਂ ਦਾ ਉਪਦੇਸ਼ ਉਸ ਨੂੰ ਪ੍ਰਵਾਨ ਨਹੀਂ। ਉਨ੍ਹਾਂ ਦੀ ਗਿਆਨਮਈ ਉਪਸਥਿਤੀ ਦੁਰਯੋਧਨ ਨੂੰ ਸਿੰਘਾਸਨ ਲਈ ਕੰਡਿਆਲੀ ਸੇਜ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ। ਸੱਤਾ ਅਤੇ ਸ਼ਕਤੀ ਲਈ ਗਿਆਨ ਘਾਤਕ ਹੈ, ਇਹ ਸ਼ਕਤੀ ਅੰਨ੍ਹੀ ਹੈ ਤੇ ਦੁਰਯੋਧਨ ਨੂੰ ਵੀ ਇਹ ਇੰਝ ਹੀ ਪ੍ਰਵਾਨ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਉਸ ਨੂੰ ਰਾਜ ਪ੍ਰਵਾਨ ਨਹੀਂ। ਉਹ 'ਅੰਨ੍ਹੇ' ਧ੍ਰਿਤਾਸ਼ਟਰ ਦੇ ਪਿਤ੍ਰਤਵ ਨੂੰ ਚੁਣੌਤੀ ਦਿੰਦਾ ਹੈ ਕਿ ਅਜਿਹਾ ਹੋਣ ਦੀ ਸੂਰਤ ਵਿਚ ਉਹ ਪਾਂਡਵਾਂ ਨੂੰ ਸਿੰਘਾਸਨ ਦੇ ਕੇ ਖ਼ੁਦ ਬਨਵਾਸੀ ਬਣ ਜਾਵੇਗਾ। ਉਹ ਭਲੀ-ਭਾਂਤ ਜਾਣਦਾ ਹੈ ਧ੍ਰਿਤਾਸ਼ਟਰ ਦਾ ਹਰ ਫ਼ੈਸਲਾ ਪਿਤ੍ਰਤਵ ਦੇ ਪ੍ਰਭਾਵ ਅਧੀਨ ਰਿਹਾ ਹੈ। ਧ੍ਰਿਤਾਸ਼ਟਰ ਦੁਰਯੋਧਨ ਦੀ ਇਸ ਕੂਟਨੀਤੀ ਨੂੰ ਪਹਿਚਾਣਦਾ ਹੈ। ਉਹ ਪੁੱਤਰ ਦੇ ਅਭਿਮਾਨ ਨੂੰ ਮੁਖ਼ਾਤਿਬ ਹੁੰਦਾ ਹੈ ਜੋ ਉਸ ਦੇ ਪਿੱਤਰੀ ਸਨੇਹ ਨੂੰ ਵੀ ਸੱਤਾ ਦਾ ਹਥਿਆਰ ਬਣਾ ਰਿਹਾ ਹੈ, ਅਸਮਰਥ ਅਸਹਾਇ ਧ੍ਰਿਤਾਸ਼ਟਰ ਨੂੰ ਸਦੈਵ ਗਿਆਨ ਸੀ ਕਿ ਉਹ ਪਿਤਾ-ਸਨੇਹ ਵਿਚ ਬੱਝਾ ਜੋ ਵੀ ਕਾਰਜ ਕਰ ਰਿਹਾ ਹੈ ਉਸ ਦੇ ਘਾਤਕ ਪਰਿਣਾਮ ਉਸ ਨੂੰ ਭੁਗਤਣੇ ਪੈਣਗੇ। ਦੁਰਯੋਧਨ ਦੀ ਖ਼ਾਤਿਰ ਉਸਨੇ ਅਧਰਮ ਦਾ ਮਾਰਗ ਅਪਣਾਇਆ ਤੇ ਪੁੱਤਰ ਦੀ ਤਖ਼ਤ-ਨਸ਼ੀਨੀ ਲਈ ਹਰ ਹਥਕੰਡਾ ਅਪਣਾਇਆ। ਉਸ ਦੇ ਐਸੇ ਪੁੱਤਰ-ਮੋਹ ਨੇ ਨਾ ਸਿਰਫ਼ ਦੁਰਯੋਧਨ ਦਾ ਕਾਲ ਨਿਰਧਾਰਿਤ ਕਰ ਦਿੱਤਾ ਬਲਕਿ ਕੁਰੂ ਵੰਸ਼ ਦੇ ਖ਼ਾਤਮੇ ਦਾ ਆਧਾਰ ਵੀ ਬਣ ਗਿਆ। ਉਹ ਦੁਰਯੋਧਨ ਦੁਆਰਾ ਉਸ ਦੇ ਪੁੱਤਰ-ਮੋਹ 'ਤੇ ਕੀਤੇ ਗਏ ਸ਼ੱਕ 'ਤੇ ਸਵਾਲੀਆ ਨਿਸ਼ਾਨ ਲਗਾਉਂਦਾ ਹੈ। ਪੁੱਤਰ-ਮੋਹ ਵਿਚ ਗ੍ਰਸੇ ਧ੍ਰਿਤਾਸ਼ਟਰ ਨੂੰ ਵਿਨਾਸ਼ ਉਪਰੰਤ ਇਹ ਗਿਆਨ ਹੁੰਦਾ ਹੈ ਕਿ ਸੱਤਾ ਦਾ ਨਸ਼ਾ ਸੱਪ ਦੇ ਜ਼ਹਿਰੀਲੇ ਨਸ਼ੇ ਦੀ ਨਿਆਈਂ ਹੈ ਅਤੇ ਆਪਣੇ ਪੁੱਤਰ ਨੂੰ ਡੱਸ ਲੈਣ ਲਈ ਉਹ ਆਪ ਇਹ ਜ਼ਹਿਰ ਆਪਣੇ ਪੁੱਤ ਨੂੰ ਦਿੰਦਾ ਹੈ। ਧ੍ਰਿਤਾਸ਼ਟਰ ਨੂੰ ਸਰੀਰਕ ਤੌਰ 'ਤੇ ਅੰਨ੍ਹੇ ਹੋਣ ਦੇ ਗ਼ਮ-ਨਾਲੋਂ ਬੁੱਧੀ-ਬਿਬੇਕ ਪੱਖੋਂ ਅੰਨ੍ਹੇ ਹੋ ਜਾਣ ਦਾ ਝੋਰਾ ਹੈ ਕਿਉਂਕਿ ਇਸ ਗ਼ਫ਼ਲਤ ਵਿਚ ਹੀ ਉਸ ਨੇ ਇਹ ਅੰਧਰਾਤਾ, ਜੋ ਪਰਲੋ ਦਾ ਜਨਮ-ਦਾਤਾ ਹੈ, ਆਪਣੇ ਪੁੱਤ ਦੀ ਝੋਲੀ ਪਾ ਦਿੱਤਾ।

ਕਾਵਿਕ ਅਰਥ ਅਭਿਧਾ ਤੋਂ ਵਿਅੰਜਨਾਰਥ ਵੱਲ ਵੱਧ ਰਹੇ ਹਨ। ਪਿਤ੍ਰਤਵ ਦਾ ਨਾਕਾਰਾਤਮਕ ਪਾਸਾਰ ਔਲਾਦ ਲਈ ਸਦੈਵ ਘਾਤੀ ਰਿਹਾ ਹੈ। ਸਮਾਜ ਸਾਕਾਦਾਰੀ ਦੇ ਅਟੁੱਟ ਬੰਧਨ ਵਿਚ ਬੱਝ ਕੇ ਹੀ ਸਾਰਥਕ ਮੁੱਲ-ਪ੍ਰਬੰਧ ਆਪਣੀ ਆਉਣ ਵਾਲੀ ਪੀੜ੍ਹੀ ਦੇ ਝੋਲੀ ਪਾਉਂਦਾ ਹੈ। ਪਦਾਰਥ ਅਤੇ ਆਰਥਿਕਤਾ ਦੀ ਸੰਪੰਨਤਾ ਦੀ ਲਾਲਸਾ ਨੇ ਸਵਸਥ ਸਾਕਾਦਾਰੀ ਪ੍ਰਬੰਧ 'ਚ ਸ਼ਰੀਕਾਚਾਰੀ ਦੀ ਭਾਵਨਾ ਨੂੰ ਜਨਮ ਦਿੱਤਾ। ਇਸ ਭਾਵਨਾ ਦੀ ਗਰਭ ਵਿਚੋਂ ਈਰਖਾ, ਦਵੈਸ਼, ਮੁਕਾਬਲਾ, ਨਿੰਦਾ ਜਿਹੇ ਰੋਗੀ ਮੁੱਲ-ਪ੍ਰਬੰਧ ਨੇ ਜਨਮ ਲਿਆ। ਜਦੋਂ ਮਨੁੱਖ ਆਰਥਿਕ ਸੰਪੰਨਤਾ ਜਾਂ ਸ਼ਕਤੀ ਦੇ ਵਿਕਾਸ ਦੀ ਅਭਿਲਾਸ਼ਾ ਦੀ ਪੂਰਤੀ ਦੇ ਹਿਤ ਨਾਕਰਾਤਮਕ ਮੁੱਲ-ਪ੍ਰਬੰਧ ਦੀ ਗ੍ਰਿਫ਼ਤ ਵਿਚ ਆ ਜਾਂਦਾ ਹੈ ਤਾਂ ਨਤੀਜੇ ਸਦੈਵ ਘਾਤੀ ਹੁੰਦੇ ਹਨ। ਸਮਾਂ ਖੁੰਝ ਜਾਣ 'ਤੇ ਇਸ ਗ੍ਰਿਫ਼ਤ ਦਾ ਆਭਾਸ ਧ੍ਰਿਤਾਸ਼ਟਰ ਨੂੰ ਹੋ ਰਿਹਾ ਹੈ। ਉਸ ਨੇ ਦੁਰਯੋਧਨ ਦੇ ਹੱਥ ਸੱਤਾ ਦਿੰਦਿਆਂ ਦੋਵਾਂ ਦੀ ਇੱਛਾ ਪੂਰੇ ਹੋਣ ਦਾ ਸੰਕੇਤ ਦਿੰਦਾ ਹੈ:

ਟੁਟਦੇ ਤਾਰੇ ਦੀ ਲੋਅ ਅੰਦਰ
ਕੇਵਲ ਤੂੰ ਤੇ ਮੈਂ
ਸਾਡਾ ਸੰਗੀ ਵੱਜਰ-ਵਸਤ ਪ੍ਰਕਾਸ਼ਿਤ ਅੰਤ੍ਰਯਾਮੀ
ਸਾਹਮਣੇ ਦੀ ਦ੍ਰਿਸ਼ਟੀ ਹੈ ਨਾ
ਪਿੱਛੇ ਵਲ ਪਰਤਨ ਦੀ ਕੋਈ ਹੱਜ ਨਾ।[8]

ਪ੍ਰੰਤੂ ਇਸ ਇੱਛਾ ਦਾ ਭਵਿੱਖ ਉੱਜਲਾ ਨਹੀਂ। ਧ੍ਰਿਤਾਸ਼ਟਰ ਕਟਾਖ਼ਸ਼ੀ ਸ਼ੈਲੀ ਦੀ ਵਰਤੋਂ ਕਰਦਾ ਹੋਇਆ ਦੁਰਯੋਧਨ ਨੂੰ ਇਹ ਇੱਛਾ ਮਾਣਨ ਲਈ ਪ੍ਰੇਰਿਤ ਕਰ ਰਿਹਾ ਹੈ। ਇਹ ਉਹ ਛਿਣ ਹੈ ਜੋ ਸਰਾਪਿਤ ਹੈ। ਇਸ ਛਿਣ ਵਿਚ ਦੁਰਯੋਧਨ ਦੇ ਮਨ-ਮਸਤਕ ਵਿਚ ਨਾ ਨਿਆਂ ਹੋਵੇਗਾ, ਨਾ ਧਰਮ, ਨਾ ਭੈ, ਨਾ ਬੰਧੂ ਮੋਹ। ਨਾ ਵਿਦੁਰ, ਭੀਸ਼ਮ ਤੇ ਸੰਜੈ ਦਾ ਜੀਵਨ ਤੇ ਸੱਤਾ ਦਾ ਗਿਆਨ ਉਸ ਦਾ ਦਿਸ਼ਾ ਨਿਰਦੇਸ਼ਨ ਕਰੇਗਾ। ਨਾ ਉਸ ਨੂੰ ਲੋਕ-ਨਿੰਦਾ, ਨਾ ਲੋਕ-ਲਾਜ ਦਾ ਡਰ ਹੋਵੇਗਾ। ਇਹ ਛਿਣ ਕੁਰੂ-ਵੰਸ਼ ਦੀ ਤਬਾਹੀ ਦਾ ਛਿਣ ਹੈ। ਧ੍ਰਿਤਾਸ਼ਟਰ ਨੂੰ ਉਸ ਛਿਣ ਵਿਚ ਇਹ ਗਿਆਨ ਹੁੰਦਾ ਹੈ ਕਿ ਉਸ ਨੇ ਆਪਣਾ ਅੰਧਰਾਤਾ ( ਬੁੱਧੀ-ਬਿਬੇਕ ਰੂਪ) ਵਸੀਹਤ ਦੇ ਰੂਪ ਵਿਚ ਆਪਣੇ ਪੁੱਤਰ ਨੂੰ ਹਸਤਾਂਤਰਿਤ ਕਰ ਦਿੱਤਾ ਹੈ। ਇਹ ਹਸਤਾਂਤਰਣ ਹੀ ਉਸਦੀ ਵਾਸਤਵਿਕ ਪ੍ਰਾਪਤੀ ਬਣਦੀ ਹੈ। ਇਹ ਮਹਾਂਭਾਰਤ ਦਾ ਅਸਲ ਦਰਸ਼ਨ ਹੈ ਜੋ ਸਨੇਹ ਨੂੰ ਸਰਾਪ ਵਜੋਂ ਸਿਰਜ ਰਿਹਾ ਹੈ ਤੇ ਟੈਗੋਰ ਇਸ ਕਵਿਤਾ ਰਾਹੀਂ ਇਸ ਦਰਸ਼ਨ ਨੂੰ ਹੀ ਡੀਕੋਡ ਕਰ ਰਿਹਾ ਹੈ :

ਹੁਣ ਨਾ ਕੁਰੂ-ਵੰਸ਼ ਦੀ ਰਹਿਸੀ ਰਾਜ-ਲੱਛਮੀ
ਕੇਵਲ ਅੰਧ ਪਿਤਾ ਹੀ ਰਹਿਸੀ
ਰਹਿਸੀ ਅੰਨ੍ਹਾ ਪੁੱਤਰ ਉਹਦਾ
ਰਹਿਸੀ ਸਰਨਾਸ਼ ਯਮ
ਤੇ ਰਹਿਸੀ ਕੇਵਲ ਪਿਤਾ-ਸਨੇਹ
ਵਿਧਾਤਾ ਦਾ ਸਰਾਪ
ਹੋਰ ਨਾ ਕੋਈ ਰਹਿਸੀ।[9]

ਉਪਰੋਕਤ ਕਾਵਿ-ਬੰਦ ਸਮਸਤ ਭਾਰਤੀ ਰਾਜਨੀਤੀ ਲਈ ਆਦਿ-ਬਿੰਬ ਪ੍ਰਤੀਤ ਹੋਣ ਲੱਗਦਾ ਹੈ। ਭਾਰਤੀ ਨਿਆਂ ਦੀ ਦੇਵੀ ਦੀਆਂ ਅੱਖਾਂ 'ਤੇ ਅੱਜ ਵੀ ਪੱਟੀ ਹੈ। ਸੱਤਾ ਤੋਂ ਹਾਸਿਲ ਹੋਈ ਸ਼ਕਤੀ ਦਾ ਬਹੁਮਤ ਵੀ ਗਿਆਨ ਦੀ ਦ੍ਰਿਸ਼ਟੀ ਤੋਂ ਵਿਹੂਣਾ ਹੈ। ਅਜਿਹੀ ਸਥਿਤੀ ਅਤੀਤ ਵਿਚ ਵੀ ਘਾਤੀ ਸੀ ਤੇ ਭਵਿੱਖ ਵਿਚ ਵੀ ਘਾਤੀ ਰਹੇਗੀ।

ਕਵਿਤਾ ਦਾ ਪ੍ਰਥਮ ਭਾਗ ਇੱਥੇ ਸੰਪੰਨ ਹੁੰਦਾ ਹੈ। ਕਵਿਤਾ ਦੇ ਦੂਜੇ ਭਾਗ ਵਿਚ ਦੂਤ ਦਾ ਪ੍ਰਵੇਸ਼ ਹੁੰਦਾ ਹੈ, ਜੋ ਗੰਧਾਰੀ ਦੇ ਆਉਣ ਦੀ ਸੂਚਨਾ ਦਿੰਦਾ ਹੈ। ਗੰਧਾਰੀ ਧ੍ਰਿਤਾਸ਼ਟਰ ਦੀ ਪਤਨੀ ਹੈ, ਜੋ ਪਤੀ-ਬਰਤਾ ਧਰਮ ਦੀ ਪਾਲਣਾ ਖ਼ਾਤਿਰ ਤਾ-ਉਮਰ ਅੱਖਾਂ 'ਤੇ ਪੱਟੀ ਬੰਨ੍ਹ ਕੇ ਪਤਨੀ ਧਰਮ ਨਿਭਾਉਂਦੀ ਹੈ। ਦੁਰਯੋਧਨ ਮਾਂ ਦੀ ਮਮਤਾ ਤੇ ਉਸ ਦੀ ਧਰਮ-ਨਿਰਪੱਖਤਾ ਤੋਂ ਭਲੀ-ਭਾਂਤ ਜਾਣੂੰ ਹੈ। ਅਵਚੇਤਨ ਦੀਆਂ ਤਹਿਆਂ ਵਿਚ ਪਾਂਡਵ ਭਰਾਵਾਂ ਨਾਲ ਕੀਤੇ ਵਿਹਾਰ ਪਿੱਛੇ ਛੁਪੀ ਅਨੈਤਿਕਤਾ ਤੋਂ ਉਹ ਭਲੀ ਭਾਂਤ ਵਾਕਿਫ਼ ਹੈ। ਇਸੇ ਲਈ ਉਹ ਗੰਧਾਰੀ ਦਾ ਸਾਹਮਣਾ ਕਰਨ ਤੋਂ ਕਤਰਾਉਂਦਾ ਹੈ ਤੇ ਪਿਤਾ ਕੋਲੋ ਵਿਦਾ ਲੈਂਦਾ ਹੈ। ਗੰਧਾਰੀ ਪ੍ਰਵੇਸ਼ ਕਰਦੇ ਹੋਏ ਧ੍ਰਿਤਾਸ਼ਟਰ ਨੂੰ ਬੇਨਤੀ ਕਰਨ ਦੀ ਯਾਚਨਾ ਕਰਦੀ ਹੈ। ਧ੍ਰਿਤਾਸ਼ਟਰ ਪਤਨੀ ਹੱਕ ਨਾਲ ਉਸ ਨੂੰ ਕੁਝ ਵੀ ਕਹਿਣ ਦੀ ਅਨੁਮਤੀ ਦਿੰਦਾ ਹੈ। ਗੰਧਾਰੀ ਉਸ ਕੋਲੋਂ ਦੁਰਯੋਧਨ ਦੇ ਧਰਮ ਵਿਰੋਧੀ ਕਾਰਜ ਕਰਨ 'ਤੇ ਉਸ ਨੂੰ ਤਿਆਗਣ ਦੀ ਮੰਗ ਕਰਦੀ ਹੈ। ਕੁਰੂ-ਵੰਸ਼ ਦਾ ਵਾਰਿਸ ਜੋ ਨਾ ਕਰ ਸਕਿਆ,

ਗੰਧਾਰੀ ਪੁੱਤਰ-ਵਧੂ ਹੋਣ ਦੇ ਨਾਤੇ ਉਸ ਵੰਸ਼ ਦੇ ਗੌਰਵ ਦੀ ਸਲਾਮਤੀ ਮੰਗਦੀ ਹੈ। ਧ੍ਰਿਤਾਸ਼ਟਰ ਕੋਲ ਪਿਤਾ-ਮੋਹ ਦਾ ਐਸਾ ਅਸਤਰ ਹੈ ਜੋ ਉਸ ਦੇ ਪਾਂਡਵਾਂ ਨਾਲ ਕੀਤੇ ਅਨਿਆਂ ਤੇ ਗੁਨਾਹ ਨੂੰ ਨਿਆਂਸੰਗਤ ਬਣਾ ਦਿੰਦਾ ਹੈ ਜਦੋਂ ਇਸੇ ਅਸਤਰ ਨਾਲ ਉਹ ਗੰਧਾਰੀ ਦੀ ਪ੍ਰਾਥਨਾ ਦਾ ਮੁਖ ਮੋੜਨ ਦਾ ਉਪਰਾਲਾ ਕਰਦਾ ਹੈ ਤਾਂ ਗੰਧਾਰੀ ਉਸ ਨੂੰ ਮਮਤਾ ਦੇ ਨਿਆਂਇਕ ਅਤੇ ਵਿਸ਼ਾਲਤਮ ਰੂਪ ਦਾ ਦਰਸ਼ਨ ਕਰਾਉਂਦੀ ਹੈ। ਮਾਂ ਔਲਾਦ ਦਾ ਗਰਭ ਵਿਚ ਸਹਾਰਾ ਅਤੇ ਸੁਰੱਖਿਆ ਬਣਦੀ ਹੈ। ਸ਼ਿਸ਼ੂ ਦੇ ਪ੍ਰਾਣਾਂ ਤੋਂ ਭਾਵਨਾਵਾਂ ਤੱਕ ਉਸ ਦਾ ਅਟੁੱਟ ਨਾਤਾ ਰਹਿੰਦਾ ਹੈ, ਔਲਾਦ ਨਾਲ ਐਸਾ ਅਭਿੰਨ ਤੇ ਅਟੁੱਟ ਬੰਧਨ ਵੀ ਮਾਂ ਦੀਆਂ ਅੱਖਾਂ 'ਤੇ ਮੋਹ ਦੀ ਪੱਟੀ ਦਾ ਬਾਇਸ ਨਹੀਂ ਬਣਦਾ। ਮਮਤਾ ਦਾ ਸਮਰਥ ਤੇ ਵਿਸ਼ਾਲ ਬਿੰਬ ਗੰਧਾਰੀ ਦੇ ਸਸ਼ਕਤ ਕਿਰਦਾਰ 'ਚੋਂ ਝਲਕਦਾ ਹੈ, ਜਿਸ ਨੂੰ ਮਿਥਿਹਾਸ ਦੀਆਂ ਤਹਿਆ ਨੇ ਕਦੇ ਉਭਰਨ ਨਹੀਂ ਦਿੱਤਾ। ਔਲਾਦ ਕਾਰਨ ਪਤੀ-ਪਤਨੀ ਵਿਚ ਹੋ ਰਹੀ ਬਹਿਸ ਮਹਿਜ ਰਿਸ਼ਤੇ ਦੀ ਬਹਿਸ ਨਹੀਂ ਬਲਕਿ ਔਲਾਦ ਦੀ ਬਿਹਤਰੀ ਲਈ ਧਰਮ ਅਤੇ ਅਧਰਮ, ਨੈਤਿਕ ਅਤੇ ਅਨੈਤਿਕ ਕਾਰਜ ਵਿਚਲਾ ਚੁਣਾਵ ਕੇਂਦਰੀ ਮੁੱਦਾ ਬਣਦਾ ਹੈ ਕਿਉਂਕਿ ਚੁਣਾਵ ਦੀ ਇਹ ਘੜੀ ਤੇ ਪ੍ਰਕਿਰਿਆ ਹੀ ਔਲਾਦ ਦੇ ਭਵਿੱਖ ਦਾ ਨਿਰਧਾਰਨ ਕਰੇਗੀ। ਇਸ ਅਮੂਰਤ ਤੱਥ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ। ਪਿਤਾ ਅਧਰਮ ਦਾ ਸਹਾਰਾ ਲੈ ਕੇ ਔਲਾਦ ਨੂੰ ਹਰ ਸੁੱਖ ਪੁੱਤਰ-ਸੁੱਖ, ਰਾਜ-ਸੁਖ ਤੇ ਸਨਮਾਨ[10] ਦੇਣ ਲਈ ਬਜਿਦ ਹੈ ਜਦਕਿ ਮਾਂ, ਔਲਾਦ ਨੂੰ ਅਨੈਤਿਕਤਾ ਤੇ ਮਰਿਆਦਾਵਾਂ ਦੀਆਂ ਹੋਰ ਸੀਮਾਵਾਂ ਦੇ ਉਲੰਘਣ ਤੋਂ ਰੋਕਣ ਲਈ ਵਰਤਮਾਨ ਵਿਚ ਉਸ ਲਈ ਤਲਖ਼ ਨਿਆਂ ਕਰਨ ਲਈ ਬਜਿਦ ਹੈ :

ਪਾਪ-ਮਾਖਿਉਂ ਭਰਿਆ ਵਿਸ਼-ਫਲ ਚੁੱਕੀ
ਖੁਸ਼ੀਆਂ ਵਿਚ ਨੱਚਦਾ ਪੁੱਤਰ
ਮੋਹ ਵਿਚ ਭੁੱਲ ਕੇ
ਉਹਨੂੰ ਨਾ ਦੇਵੋ ਉਹ ਫਲ ਖਾਣ
ਖੋਹ ਲਵੋ, ਸੁੱਟ ਦੇਵੋ ਉਹਨੂੰ ਰੋਣ ਦਿਓ
ਛਲ ਥੀਂ ਲੱਭੇ ਪਾਪ ਫਲੇ ਰਾਜ-ਧਨ-ਜਨ ਨੂੰ
ਸੁੱਟ ਕੇ ਉਹ ਵੀ ਕਰ ਜਾਵੇ ਨਿਰਵਾਸਨ
ਵੰਚਿਤ ਪਾਂਡਵਾਂ ਵਾਕੁਣ
ਉਹ ਵੀ ਕਰੇ ਦੁਖ-ਭਾਰ ਵਾਹਨ।[11]

ਗੰਧਾਰੀ ਆਪਣੇ ਮਹਾਰਾਜ ਪਤੀ ਤੋਂ ਨਿਆਂ ਦੀ ਮੰਗ ਕਰ ਰਹੀ ਹੈ। ਭਾਵੇਂ ਕਿ ਇਹ ਨਿਆਂ ਉਸ ਦੇ ਪੁੱਤ ਦੇ ਵਿਰੋਧ ਵਿਚ ਹੈ। ਉਹ ਧ੍ਰਿਤਾਸ਼ਟਰ ਨੂੰ ਯਾਦ ਕਰਵਾ ਰਹੀ ਹੈ ਕਿ ਰਾਜਾ ਈਸ਼ਵਰ ਦਾ ਖੱਬਾ ਹੱਥ ਨਿਰਪੱਖ ਤੇ ਨਿਆਂਇਕ ਫ਼ੈਸਲੇ ਦੇਣ ਕਰਕੇ ਹੈ। ਉਹ ਇਸ ਸੱਚ ਨੂੰ ਕਦਾਚਿਤ ਵੀ ਅਣਗੌਲਿਆਂ ਨਹੀਂ ਕਰ ਸਕਦਾ। ਗੰਧਾਰੀ ਧ੍ਰਿਤਾਸ਼ਟਰ ਨੂੰ ਸਵਾਲ ਕਰ ਰਹੀ ਹੈ ਕਿ ਜੋ ਇਨਸਾਨ ਅਬਲਾ ਔਰਤ ਨੂੰ ਬਿਨਾ ਦੋਸ਼ ਅਪਮਾਨਿਤ ਕਰੇ ਉਸ ਦਾ ਕੀ ਨਿਆਂ ਹੈ? ਧ੍ਰਿਤਾਸ਼ਟਰ ਦੇ 'ਨਿਰਵਾਸਨ' ਜਵਾਬ ਦੇਣ 'ਤੇ ਉਹ ਦੁਰਯੋਧਨ

ਲਈ ਵੀ ਨਿਰਵਾਸ ਦੀ ਮੰਗ ਕਰਦੀ ਹੈ। ਗੰਧਾਰੀ-ਧ੍ਰਿਤਾਸ਼ਟਰ ਵਾਰਤਾਲਾਪ ਵਿਚ ਗੰਧਾਰੀ ਦੀ ਸੋਚ ਦੀਆਂ ਵਿਭਿੰਨ ਪਰਤਾਂ ਵਿਚੋਂ ਉਸ ਸਮੇਂ ਦੀ ਔਰਤ ਦੀ ਸਥਿਤੀ ਦੀ ਵੀ ਇਕ ਪਰਤ ਖੁੱਲ੍ਹ ਰਹੀ ਹੈ :

ਮਰਦਾਂ ਦੀ ਮਰਯਾਦਾ ਮਰਦ ਜਾਣਦੇ
ਬਲ ਦਾ ਬਲ ਵਿਰੋਧ
ਛਲ ਵਿਰੋਧ ਵਿਚ ਕਿੰਨੇ ਹੀ ਛਲ ਪੈਂਦੇ ਜਾਗ
ਕੌਸ਼ਲ ਤਾਈਂ ਹਾਰਦਾ ਕੌਸ਼ਲ
ਅਸੀਂ ਰਹਿੰਦੀਆਂ ਦੂਰ ਆਪਣੇ ਘਰ ਦੇ ਕੰਮੀ ਰੁਝੀਆਂ
ਸ਼ਾਂਤ ਰਣਵਾਸ ਅੰਦਰ।[12]

ਔਰਤ ਰਾਣੀ ਹੈ। ਪਰਜਾ ਵਿਚ ਸਨਮਾਨਿਤ ਹੈ ਪ੍ਰੰਤੂ ਸੱਤਾ ਦੇ ਨਜ਼ਦੀਕ ਆਉਣ ਦਾ ਹੱਕ ਉਸ ਨੂੰ ਹਾਸਲ ਨਹੀਂ। ਉਹ ਪਤੀ ਨੂੰ ਤਾਂ ਮੁਖ਼ਾਤਿਬ ਹੋ ਸਕਦੀ ਹੈ ਪ੍ਰੰਤੂ ਮਹਾਰਾਜ ਨੂੰ ਨਹੀਂ। ਤਤਕਾਲੀਨ ਸਮਾਜ ਵਿਚ ਦੰਡ-ਨੀਤ, ਭੇਦ-ਨੀਤ, ਅਤੇ ਕੂਟ-ਨੀਤ ਮਰਦ ਦੇ ਦਾਇਰੇ ਵਿਚ ਆਉਣ ਵਾਲੇ ਸੰਕਲਪ ਸਨ। ਔਰਤ ਮਹਿਲਾਂ ਵਿਚ ਰਹਿ ਕੇ ਵੀ ਇਨ੍ਹਾਂ ਸੰਕਲਪਾਂ ਤੋਂ ਕੋਹਾਂ ਦੂਰ ਰਹਿੰਦੀ ਸੀ ਜਾਂ ਰੱਖਿਆਂ ਜਾਂਦਾ ਸੀ। ਇਹ ਔਰਤ ਦਾ ਅਬਲਾਪਨ ਹੈ ਜਿਸ ਨੂੰ ਗੰਧਾਰੀ ਵਰਗੀ ਔਰਤ ਸਹਿਜੇ ਪ੍ਰਵਾਨ ਕਰ ਲੈਂਦੀ ਹੈ ਪ੍ਰੰਤੂ ਇਸ ਅਬਲਾਪਨ ਨੂੰ ਮਰਦ ਆਪਣੀ ਕੂਟ-ਨੀਤੀ ਕਾਰਨ ਇਸਤੇਮਾਲ ਕਰੇ, ਅਜਿਹਾ ਉਸ ਨੂੰ ਹਰਗਿਜ਼ ਪ੍ਰਵਾਨ ਨਹੀਂ। ਉਹ ਮਰਦ ਦੀ ਬੁੱਧੀ, ਸਾਹਸ ਤੇ ਵਿਦਵਤਾ ਨੂੰ ਖਾਰਿਜ ਕਰਦੀ ਹੈ ਜੋ ਭਰੀ ਸਭਾ ਵਿਚ ਇਕ ਇਸਤਰੀ ਦੀ ਇੱਜ਼ਤ ਦੀ ਹੋ ਰਹੀ ਦੁਰਗਤੀ ’ਤੇ ਚੁੱਪ ਰਹਿੰਦੀ ਹੈ। ਮਾਂ ਲਈ ਉਹ ਸਥਿਤੀ ਬੜੀ ਦੁਖਦ ਹੈ ਜਿਸ ਘੜੀ ਉਸਦੀ ਔਲਾਦ ਉਸ ਲਈ ਸ਼ਰਮਿੰਦਗੀ ਦਾ ਕਾਰਨ ਬਣਦੀ ਹੈ। ਉਹ ਧ੍ਰਿਤਾਸ਼ਟਰ ਨੂੰ ਸਹੀ ਨਿਆਂ ਕਰਨ ਦੀ ਚੁਣੌਤੀ ਦਿੰਦੀ ਹੈ। ਨਿਆਂ ਸੰਬੰਧੀ ਉਸਦਾ ਆਪਣਾ ਤਰਕ ਹੈ। ਉਹ ਉਸੇ ਨਿਆਂ ਨੂੰ ਸ੍ਰੇਸ਼ਟ ਨਿਆਂ ਮੰਨਦੀ ਹੈ, ਜਿਸ ਨੂੰ ਦੇਣ ਵਾਲਾ ਖ਼ੁਦ ਵੀ ਉਨੀ ਹੀ ਪੀੜਾ ਨੂੰ ਹੰਢਾਉਂਦਾ ਹੈ। ਜੇ ਨਿਆਂ ਕਰਨ ਦੀ ਘੜੀ ਆਪਣੇ ਤੇ ਪਰਾਏ ਵਿਚ ਅੰਤਰ ਹਾਵੀ ਹੋ ਜਾਏ ਤਾਂ ਉਹ ਦੰਡ ਗੁਨਾਹਗਾਰ ਲਈ ਨਹੀਂ ਬਲਕਿ ਰਾਜੇ ਲਈ ਹੈ। ਉਹ ਧ੍ਰਿਤਾਸ਼ਟਰ ਕੋਲੋਂ ਈਸ਼ਵਰ ਦੇ ਨਿਆਂ ਜਿਹੇ ਨਿਆਂ ਦੀ ਮੰਗ ਕਰਦੀ ਹੈ ਜੋ ਆਪਣੀ ਸਮਸਤ ਔਲਾਦ ਲਈ ਇਕੋ ਜਿਹਾ ਨਿਆਂ ਕਰਦਾ ਹੈ। ਗੰਧਾਰੀ ਦੀ ਇਸ ਮੰਗ ਵਿਚ ਉਪਭਾਵੁਕਤਾ ਹਾਜ਼ਿਰ ਹੈ, ਉਹ ਮਾਨਵੀ ਫ਼ਿਤਰਤ ਦੀ ਭਾਵੁਕ ਕਮਜ਼ੋਰੀ ਨੂੰ ਨਜ਼ਰੋਂ ਓਹਲੇ ਕਰ ਧ੍ਰਿਤਾਸ਼ਟਰ ਕੋਲੋਂ ਅਲੌਕਿਕ ਨਿਆਂ ਦੀ ਉਮੀਦ ਕਰਦੀ ਹੈ। ਗੰਧਾਰੀ ਦੇ ਇਸ ਨਿਵੇਦਨ ਤੇ ਖ਼ੁਦ ਸੱਚਾਈ ਤੋਂ ਵਾਕਿਫ਼ ਹੋਣ ਦੇ ਬਾਵਜੂਦ ਧ੍ਰਿਤਾਸ਼ਟਰ ਅਟੱਲ ਹੈ। ਉਹ ਪਿਤਾ ਮੋਹ ਨੂੰ ਤੋੜਨ ਤੋਂ ਅਸਮਰਥ ਹੈ । ਉਸ ਨੂੰ ਇਸ ਨੈਤਿਕ ਯਥਾਰਥ ਦਾ ਗਿਆਨ ਹੈ ਕਿ ਗੁਨਾਹਗਾਰ ਪੁੱਤ ਨੂੰ ਤਿਆਗ ਦੇਣਾ ਚਾਹੀਦਾ ਹੈ ਪ੍ਰੰਤੂ ਦੁਰਯੋਧਨ ਦੁਆਰਾ ਕੀਤੇ ਕਾਰਜਾਂ ਕਰਕੇ ਉਸ ਨੂੰ ਨਕਾਰੇ ਜਾਣ ’ਤੇ ਧ੍ਰਿਤਾਸ਼ਟਰ ਉਸ ਨੂੰ ਸਹਾਰਾ ਦੇਣ ਲਈ ਵਚਨਬੱਧ ਹੈ :

ਉਹਦੇ ਸੰਗ ਵਿਨਾਸ਼-ਤਲ ਵਿਚ ਸਮਾਵਾਂ
ਉਹਦੀ ਦੁਰਗਤ ’ਚੋਂ ਸੀਰ ਵਟਾਵਾਂ
ਇਹੋ ਤਾਂ ਮੇਰੀ ਧਰਵਾਸ।[13]

ਨਿਰਾਸ਼ ਗੰਧਾਰੀ ਸਦਮੇ ਵਿਚ ਹੈ। ਉਸੇ ਵਕਤ ਦੁਰਯੋਧਨ ਦੀ ਪਤਨੀ ਭਾਨੁਮਤੀ ਦਾ ਪ੍ਰਵੇਸ਼ ਹੁੰਦਾ ਹੈ ਜੋ ਆਪਣੀ ਦਾਸੀ ਨੂੰ ਕੀਮਤੀ ਗਹਿਣੇ ਤੇ ਵਸਤਰ ਉਠਾਉਣ ਲਈ ਕਹਿ ਰਹੀ ਸੀ, ਇਹ ਗਹਿਣੇ ਤੇ ਵਸਤਰ ਬਨਵਾਸੀ ਦਰੋਪਦੀ ਦੇ ਹਨ। ਭਾਨੁਮਤੀ ਦਾ ਇਹ ਕਾਰਜ ਸਾਕਾਦਾਰੀ ਪ੍ਰਬੰਧ ਵਿਚ ਪਈ ਸ਼ਰੀਕਾਚਾਰੀ ਦਾ ਪ੍ਰਗਟਾਵਾ ਹਨ :

ਜਿਹੜੇ ਮਾਣਕ ਸੈ ਸੈ ਸੂਈਆਂ ਬਣ ਕੇ ਚੁਭੇ ਸਾਨੂੰ
ਦਰੋਪਦੀ ਦੇ ਅੰਗੀਂ ਸਜੇ ਸਜੇ
ਜਿਹੜੇ ਕੁਰੂ-ਕੁਲ-ਕਾਮਨੀਆਂ ਦੀ ਹਿੱਕ ਨੂੰ ਵਿੰਨ੍ਹਦੇ
ਉਹੋ ਰਤਨ-ਜੜੇ ਗਹਿਣੇ ਉਹ ਮੇਰੇ ਅੰਗ ਆਪ ਸਜਾ ਕੇ
ਬਨ ਨੂੰ ਤੁਰਦੇ ਲੱਗੇ।[14]

ਇਹ ਅਜੀਬ ਸੰਯੋਗ ਹੈ, ਦੁਰਯੋਧਨ ਅਤੇ ਭਾਨੁਮਤੀ ਈਰਖਾ ਅੱਗ ਵਿਚ ਝੁਲਸ ਰਹੇ ਹਨ। ਦੋਵਾਂ ਦੀ ਮਾਨਸਿਕਤਾ 'ਅਣਗੌਲੇ' ਹੋਣ ਦੇ ਹੀਣ-ਭਾਵ ਨੂੰ ਜਿਉ ਰਹੀ ਸੀ। ਪਾਂਡਵਾਂ ਦੀ ਹਾਰ ਇਸ ਹੀਣ-ਭਾਵਨਾ ਦੇ ਪ੍ਰਚੰਡ ਰੂਪ ਵਿਚ ਪ੍ਰਗਟਾਵੇ ਦਾ ਵੀ ਕਾਰਨ ਬਣਦੀ ਹੈ। ਗੰਧਾਰੀ ਦੀਆਂ ਤਮਾਮ ਕੋਸ਼ਿਸ਼ਾਂ ਦੇ ਬਾਵਜੂਦ 'ਕਸ਼ਤਰਾਣੀ' ਭਾਨੁਮਤੀ ਦਰੋਪਦੀ ਦੇ ਗਹਿਣਿਆਂ 'ਤੇ ਆਪਣਾ ਹੱਕ ਛੱਡਣ ਲਈ ਤਿਆਰ ਨਹੀਂ। ਭਾਨੁਮਤੀ ਦੇ ਪ੍ਰਸਥਾਨ ਉਪਰੰਤ ਪਾਂਡਵ ਗੰਧਾਰੀ ਤੋਂ ਵਿਦਾ ਲੈਣ ਆਉਂਦੇ ਹਨ। ਆਸ਼ੀਰਵਾਦ ਦੇ ਰੂਪ ਵਿਚ ਉਹ ਉਨ੍ਹਾਂ ਦੀ ਗਰਿਮਾ ਅਤੇ ਵਿਜੈ ਦੀ ਕਾਮਨਾ ਕਰਦੀ ਹੈ। ਗੰਧਾਰੀ ਦਰੋਪਦੀ ਨੂੰ ਵੀ ਮੁਖ਼ਾਤਿਬ ਹੁੰਦੀ ਹੈ। ਉਹ ਦਰੋਪਦੀ ਨੂੰ ਤਮਾਮ ਜ਼ਿੱਲਤ ਅਤੇ ਪੀੜਾ ਸਹਿਣ ਦੇ ਬਾਵਜੂਦ ਵੀ ਪਤਨੀ ਧਰਮ 'ਤੇ ਅਡਿੱਗ ਰਹਿਣ ਦੀ ਪ੍ਰੇਰਣਾ ਦਿੰਦੀ ਹੈ :

ਨੀ ਮੇਰੀ ਕੁਲ-ਵਧੂਏ
ਪਤੀ ਪੀੜ ਨੂੰ
ਹਿੱਕ ਵਿਚ ਕਰ ਧਾਰਨ
ਸਤੀ ਧਰਮ ਨੂੰ ਕਰੀਂ ਸਾਰਥਕ।[15]

ਪੰਜ ਪਤੀਆਂ ਹੱਥੋਂ ਜੂਏ ਵਿਚ ਹਾਰੀ ਪਤਨੀ ਕੋਲੋਂ ਇਹ ਮੰਗ ਹੈ ਕਿ ਉਹ ਪਤੀ ਸੇਵਾ-ਭਾਵ ਵਿਚ ਨਿਸ਼ਠਾ ਬਣਈ ਰੱਖੇ। ਇਹ ਇੱਛਾ ਮਹਿਜ਼ ਗੰਧਾਰੀ ਦੀ ਨਹੀਂ ਬਲਕਿ ਮਰਦ ਪ੍ਰਧਾਨ ਇਸ ਦੇਸ਼ ਅੰਦਰ ਪਤੀ ਪਰਮੇਸ਼ਵਰ ਹੈ, ਉਸਦਾ ਹਰ ਕਾਰਜ ਸਵੀਕਾਰੀ ਹੈ। ਔਰਤ ਅਰਧਾਂਗਿਨੀ ਹੈ, ਸਮਰਪਣ ਤੇ ਤਿਆਗ ਸਿਰਫ਼ ਉਸ ਦੇ ਹਿੱਸੇ ਆਇਆ ਹੈ, ਇਹੀ ਕਾਰਨ ਹੈ ਗੰਧਾਰੀ ਨੇ ਅੱਖਾਂ 'ਤੇ ਪੱਟੀ ਬੰਨ੍ਹ ਕੇ ਜੋ ਪਤੀ ਧਰਮ ਖ਼ੁਦ ਨਿਭਾਇਆ, ਉਹੀ ਉਮੀਦ ਉਹ ਦਰੋਪਦੀ ਕੋਲੋਂ ਕਰਦੀ ਹੈ। ਟੈਗੋਰ ਰਚਿਤ ਇਸ ਕਾਵਿ-ਰਚਨਾ ਵਿਚ ਦਰੋਪਦੀ, ਭਾਨੁਮਤੀ ਤੇ ਗੰਧਾਰੀ ਤਤਕਾਲੀਨ ਸਮਾਜ ਦੀ ਔਰਤ ਦੇ ਵਿਭਿੰਨ ਆਯਾਮਾਂ ਦੀਆਂ ਪ੍ਰਤੀਕ ਬਣਦੀਆਂ ਹਨ।

ਇੰਝ 'ਗੰਧਾਰੀ ਦਾ ਨਿਵੇਦਨ' ਇਕ ਰਾਜ, ਇਕ ਪਰਿਵਾਰ ਵਿਚਲੀ ਟਕਰਾਵੀਂ ਸਥਿਤੀ ਦੀ ਸਤਹੀ ਪੇਸ਼ਕਾਰੀ ਦੇ ਪਾਰ ਮਾਨਵੀ ਹੋਂਦ ਦੀਆਂ ਲਾਲਸਾਵਾਂ ਅਤੇ ਇਛਾਵਾਂ ਲਈ ਕੀਤੇ ਭੇੜ 'ਚੋਂ ਨਿਕਲੇ ਨਤੀਜਿਆਂ ਦਾ ਦਸਤਾਵੇਜ਼ ਹੋ ਨਿਬੜਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਰਵੀਂਦ੍ਰਨਾਥ ਟੈਗੋਰ, ਇਕੋਤਰ ਸੌ ਕਵਿਤਾ, ਪੰਨਾ 171.
2. ਉਹੀ, ਪੰਨਾ 173.
3. ਉਹੀ, ਪੰਨਾ 173.
4. ਉਹੀ, ਪੰਨਾ 174.
5. ਉਹੀ, ਪੰਨਾ 175.
6. ਉਹੀ, ਪੰਨਾ 177.
7. ਉਹੀ, ਪੰਨਾ 177.
8. ਉਹੀ, ਪੰਨਾ 178-179.
9. ਉਹੀ, ਪੰਨਾ 179.
10. ਉਹੀ, ਪੰਨਾ 172.
11. ਉਹੀ, ਪੰਨਾ 184.
12. ਉਹੀ, ਪੰਨਾ 185.
13. ਉਹੀ, ਪੰਨਾ 188.
14. ਉਹੀ, ਪੰਨਾ 190.
15. ਉਹੀ, ਪੰਨਾ 194.